**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ,**

**ਸਮੱਗਰ ਸਿੱਖਿਆ ਅਭਿਆਨ ਪੰਜਾਬ,**

**ਪੀ.ਐਸ.ਈ.ਬੀ., ਕੰਪਲੈਕਸ ਈ-ਬਲਾਕ, ਪੰਜਵੀਂ ਮੰਜਿਲ, ਫੇਜ਼ -8, ਐਸ.ਏ.ਐਸ.ਨਗਰ, ਪੰਜਾਬ।**

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
ਪੰਜਾਬ।

**ਮੀਮੋ ਨੰ : - ਆਈ.ਈ.ਡੀ.ਸਸਅ/2025/** 306836

**ਮਿਤੀ:** 17.10.25

**ਵਿਸ਼ਾ:- ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ Prashast App ਅਨੁਸਾਰ screening ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 MOE, ਭਾਰਤ ਸਰਕਾਰ ਵੱਲੋਂ RPwD Act 2016 ਅਧੀਨ 21 ਡਿਸਏਬਿਲਟੀਆਂ ਤੋਂ ਪ੍ਰਭਾਵਿਤ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ screening ਕਰਨ ਸਬੰਧੀ Prashast App ਬਣਾਇਆ ਗਿਆ ਹੈ। ਜਿਸ ਦੀ ਸਹਾਇਤਾ ਨਾਲ ਆਮ ਅਧਿਆਪਕਾਂ ਵੱਲੋਂ ਜਮਾਤ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਵਿਲਖਣਤਾ ਪਹਿਚਾਣ ਕੀਤੀ ਜਾ ਸਕਦੀ ਹੈ।

3.0 Prashast App ਸੰਬੰਧੀ ਆਈ.ਈ.ਡੀ. ਸ਼ਾਖਾ ਅਧੀਨ ਜਿਲ੍ਹਾ ਪੱਧਰ ਤੇ ਤਾਇਨਾਤ DSE/DSET ਵੱਲੋਂ ਸਮੂਹ ਪ੍ਰਿੰਸੀਪਲਜ਼, CHT/HT ਅਧਿਆਪਕ ਅਤੇ ਸਪੈਸ਼ਲ ਐਜੂਕੇਟਰਜ਼ ਨੂੰ ਆਨ-ਲਾਈਨ ਮੋਡ ਰਾਹੀ ਸੰਬੰਧਤ ਐਪ ਨੂੰ ਡਾਊਨਲੋਡ/ਰਜਿਸਟ੍ਰੇਸ਼ਨ ਕਰਨ ਅਤੇ ਰਜਿਸਟ੍ਰੇਸ਼ਨ ਉਪਰੰਤ ਸਕਰੀਨਿੰਗ ਕਰਨ ਸੰਬਧੀ ਟ੍ਰੇਨਿੰਗ ਦਿੱਤੀ ਜਾਵੇਗੀ।

4.0 ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਹਿਚਾਣ /ਸ਼ਨਾਖਤ ਕਰਨ ਸੰਬੰਧੀ ਸਮੂਹ ਅਧਿਆਪਕਾਂ ਵੱਲੋਂ ਇਸ ਐਪ ਦੀ ਵਰਤੋਂ ਕੀਤੀ ਜਾਣੀ ਲਾਜਮੀ ਹੈ। ਸਮੂਹ ਅਧਿਆਪਕਾਂ ਵੱਲੋਂ ਮਿਤੀ 24.10.2025 ਤੱਕ ਇਸ ਐਪ ਤੇ ਰਜਿਸਟ੍ਰੇਸ਼ਨ ਕਰਨਾ ਹਰ ਹਾਲਤ ਵਿੱਚ ਲਾਜਮੀ ਹੋਵੇਗਾ।

5.0 Prashast App ਦੀ ਵਰਤੋਂ ਸੰਬੰਧੀ ਸਮੂਹ ਸਕੂਲ ਮੁਖੀ/ਪ੍ਰਿੰਸੀਪਲ ਆਪਣੇ ਸਕੂਲਾਂ ਅਧੀਨ ਆਉਂਦੇ ਅਧਿਆਪਕਾਂ ਵੱਲੋਂ ਇਸ ਐਪ ਨੂੰ ਡਾਊਨਲੋਡ/ ਰਜਿਸਟ੍ਰੇਸ਼ਨ ਕਰਨਾ ਅਤੇ ਇਸ ਉਪਰੰਤ ਇਸ ਐਪ ਦੀ ਵਰਤੋਂ ਨਾਲ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਨਾਖਤ ਕਰਨਾ ਯਕੀਨੀ ਬਣਾਉਣਗੇ।

6.0 ਸਮੂਹ ਡੀ.ਐਸ.ਈ/ਡੀ.ਐਸ.ਈ.ਟੀਜ਼ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਮੂਹ ਅਧਿਆਪਕਾ ਵੱਲੋਂ ਆਪਣੀ ਜਮਾਤ ਵਿੱਚ Prashast App ਦੀ ਸਹਾਇਤਾ ਨਾਾ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਹਿਚਾਣ ਕਰਦੇ ਹੋਏ ਭਾਰਤ ਸਰਕਾਰ ਦੀ ਹਦਾਇਤਾਂ ਦੀ ਪਾਲਨਾ ਕੀਤੀ ਜਾ ਰਹੀ ਹੈ। ਇਸ ਸੰਬੰਧੀ ਸਮੂਹ DSE/DSET ਵੱਲੋਂ ਅਧਿਆਪਕਾਂ ਨਾਲ ਮਹੀਨਵਾਰ ਰੀਵਿਊ ਮੀਟਿੰਗ ਕੀਤੀ ਜਾਵੇਗੀ।

7.0 Prashast App ਦੀ ਵਰਤੋਂ ਕੀਤੇ ਜਾਣ ਸਬੰਧੀ ਸਮੂਹ DSE/DSET ਵੱਲੋਂ ਅਧਿਆਪਕਾਂ ਦਾ ਡਾਟਾ ਇੱਕਠਾ ਕਰਦੇ ਹੋਏ consolidated report ਇਸ ਸਾਖਾ ਦੀ ਈ-ਮੇਲ ਤੇ ਮਿਤੀ 30.10.2025 ਤੱਕ ਮੁਹੱਈਆ ਕੀਤਾ ਜਾਣਾ ਯਕੀਨੀ ਬਣਾਇਆ ਜਾਵੇਗਾ।

17.10.2025

ਸਹਾਇਕ ਡਾਇਰੈਕਟਰ (ਆਈ.ਈ.ਡੀ)
ਸਮੱਗਰਾ ਸਿੱਖਿਆ ਅਭਿਆਨ, ਅਥਾਰਟੀ
ਪੰਜਾਬ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 1974 ਮਿਤੀ 17-10-25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

17/10/25

ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

17/10/25